# MODEL TEST PAPER
## CLASS-X (PB.)
## PUNJABI
## PAPER-A

**Time Allowed: Three Hours** **Maximum Marks : 70**

**1.** ਵਸਤੂਨਿਸ਼ਠ ਪ੍ਰਸ਼ਨ:

(ੳ) ਮਨਜੀਤ ਨਿਹਾਲ ਕੌਰ ਦੀ ਕੀ ਲੱਗਦੀ ਸੀ ? 1

(ਅ) ਵਜ਼ੀਰਾ ਘਰੋਂ ਕਿਹੜੇ ਸੰਦ ਲੈ ਕੇ ਗਿਆ ਸੀ ? 1

(ੲ) ਤੁਰਨ ਨਾਲ਼ ਮਨ ਵਿੱਚ ਕੀ ਉਪਜਦਾ ਹੈ ? 1

(ਸ) ਬੰਤੇ ਦੇ ਕਿੰਨੇ ਮੁੰਡੇ ਅਤੇ ਕਿੰਨੀਆਂ ਕੁੜੀਆਂ ਸਨ ? 1

(ਹ) ਬੰਤੇ ਦੇ ਵਾਲ਼ ਕਿਸ ਨੇ ਕਟਵਾ ਦਿੱਤੇ ਸਨ ? 1

(ਕ) 'ਬੰਮ ਬਹਾਦਰ' ਕਹਾਣੀ ਵਿੱਚ ਮਹੰਤ ਕੌਣ ਹੈ ? 1

(ਖ) ਅਮਰੀਕ ਦੀ ਸੋਚਣੀ ਅਨੁਸਾਰ ਪਿਓ ਕਿਹੋ-ਜਿਹੇ ਹੋਣੇ ਚਾਹੀਦੇ ਹਨ ? 1

(ਗ) ਜ਼ਫ਼ਰਨਾਮਾ ਇਕਾਂਗੀ ਦੇ ਲੇਖਕ ਦਾ ਨਾਮ ਦੱਸੋ ? 1

(ਘ) 'ਏ ਸਰੀਰਾ ਮੇਰਿਆ' ਬਾਣੀ/ਕਵਿਤਾ ਕਿਸ ਨੂੰ ਸੰਬੋਧਿਤ ਹੈ ? 1

(ਙ) ਫ਼ਰੀਦ ਜੀ ਅਨੁਸਾਰ ਸਭ ਦੇ ਹਿਰਦਿਆਂ ਵਿੱਚ ਕੌਣ ਵੱਸਦਾ ਹੈ ? 1

10 x 1 = 10

**2.** ਹੇਠ ਲਿਖੇ ਕਾਵਿ ਟੋਟਿਆਂ ਵਿੱਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਲਗਪਗ 150 ਸ਼ਬਦਾਂ ਵਿੱਚ ਲਿਖੋ :

(ੳ) ਅਸੀ ਖਤੇ ਬਹੁਤ ਕਮਾਵਦੇ ਅੰਤੁ ਨ ਪਾਰਾਵਾਰੁ ॥
ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ ॥ 5

(ਅ) ਫ਼ਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰ॥
ਮਤ ਸਰਮਿੰਦਾ ਥੀਵਹੀ ਸਾਂਈ ਦੇ ਦਰਬਾਰਿ॥ 5

(ੲ) ਘੋੜੇ ਆਦਮੀ ਗੋਲਿਆਂ ਨਾਲ ਉੱਡਣ,
ਹਾਥੀ ਢਹਿੰਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ । 5

(ਸ) ਬੂਹੇ ਟੰਮਕ ਵੱਜਿਆ, ਸਾਹਿਬਾਂ ਘੱਤੇ ਤੇਲ ।
ਅੰਦਰ ਬੈਠੇ ਨਾਨਕੇ, ਬੂਹੇ ਬੈਠਾ ਮੇਲ ।
ਥਾਲੀ ਵਟਣਾ ਰਹਿ ਗਿਆ, ਕੁੱਪੇ ਅਤਰ ਫੁਲੇਲ ।
ਗਹਿਣੇ ਸਣੇ ਪਟਾਰੀਆਂ, ਝਾਂਜਰ ਸਣੇ ਹਮੇਲ । 5

5+ 5 = 10

ClassResult.in

3. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਗਪਗ 40 ਸ਼ਬਦਾਂ ਵਿੱਚ ਲਿਖੋ:

(ੳ) ਸਤਿਗੁਰ ਨਾਨਕ ਪ੍ਰਗਟਿਆ (ਭਾਈ ਗੁਰਦਾਸ ਜੀ)

(ਅ) ਹੀਰ ਦਾ ਸਿਦਕ (ਵਾਰਿਸ ਸ਼ਾਹ) 5

4. ਹੇਠ ਲਿਖੇ ਲੇਖਾਂ ਵਿੱਚੋਂ ਕਿਸੇ ਇੱਕ ਲੇਖ ਦਾ ਸਾਰ ਲਗਪਗ 150 ਸ਼ਬਦਾਂ ਵਿੱਚ ਲਿਖੋ:

(ੳ) ਮੇਰੇ ਵੱਡੇ ਵਡੇਰੇ (ਗਿਆਨੀ ਗੁਰਦਿੱਤ ਸਿੰਘ)

(ਅ) ਮਹਾਂਕਵੀ ਕਾਲੀਦਾਸ (ਪਿਆਰਾ ਸਿੰਘ ਪਦਮ) 7

5. ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖੋ:

(ੳ) ਬਾਬੇ ਪੁਨੂੰ ਤੇ ਭਲਵਾਨ ਦੀ ਕੁਸ਼ਤੀ ਦਾ ਵਰਨਣ ਕਰੋ। 3

(ਅ) ਕਾਰਲਾਈਲ ਦਾ ਆਪਣੀ ਪਤਨੀ ਨਾਲ਼ ਵਤੀਰਾ ਕਿਹੋ-ਜਿਹਾ ਸੀ ਤੇ ਕਿਉਂ ? 3

(ੲ) ਮਰਦਾਨੇ ਅਤੇ ਫਰਹਿੰਦੇ ਰਬਾਬੀ ਦੀ ਆਪਸ ਵਿੱਚ ਹੋਈ ਵਾਰਤਾਲਾਪ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ। 3

(ਸ) ਮਨੁੱਖੀ ਸਖਸ਼ੀਅਤ ਲਈ ਤਜਰਬੇ ਦੇ ਮੌਕਿਆਂ ਦੀ ਕੀ ਦੇਣ ਹੈ? 3

3+ 3 = 6

6. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ ਇੱਕ ਕਹਾਣੀ ਦਾ ਸਾਰ ਲਗਪਗ 150 ਸ਼ਬਦਾਂ ਵਿੱਚ ਲਿਖੋ:

(ੳ) ਬਾਗ਼ੀ ਦੀ ਧੀ (ਗੁਰਮੁਖ ਸਿੰਘ ਮੁਸਾਫ਼ਿਰ)

(ਅ) ਇੱਕ ਪੈਰ ਘੱਟ ਤੁਰਨਾ (ਅਜੀਤ ਕੌਰ) 7

7. ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖੋ:

(ੳ) ਰਸ਼ੀਦ ਨੇ ਦਫ਼ਤਰ ਦੀ ਨੌਕਰੀ ਤੋਂ ਅਸਤੀਫ਼ਾ ਦੇਣ ਲਈ ਕਿਉਂ ਸੋਚਿਆ ? 3

(ਅ) ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਤੋਂ ਕਿਹੜੀ ਗੱਲ ਛੁਪਾਈ ਅਤੇ ਕਿਉਂ ? 3

(ੲ) ਵੀਰਾਂਵਾਲੀ ਦੀ ਮੌਤ ਦਾ ਕੀ ਕਾਰਨ ਸੀ ? 3

(ਸ) ਬੰਮ ਨੂੰ ਮਾਤਾਦੀਨ ਨਾਲ਼ ਕਿਸ ਗੱਲੋਂ ਈਰਖਾ ਸੀ ? 3

3+ 3 = 6

8. ਹੇਠ ਲਿਖੇ ਵਿੱਚੋਂ ਕਿਸੇ ਇੱਕ ਦਾ ਪਾਤਰ-ਚਿਤਰਨ ਲਗਪਗ 125 ਸ਼ਬਦਾਂ ਵਿੱਚ ਲਿਖੋ:

(ੳ) ਵੀਰਾਂਵਾਲੀ (ਬੰਬ ਕੇਸ)

(ਅ) ਨਿਹਾਲ ਕੌਰ (ਦੂਜਾ ਵਿਆਹ) 6

9. ਹੇਠ ਲਿਖੇ ਵਾਰਤਾਲਾਪ ਵਿੱਚੋਂ ਕਿਸੇ ਇੱਕ ਵਾਰਤਾਲਾਪ ਦੇ ਪ੍ਰਸ਼ਨਾਂ ਦੇ ਉੱਤਰ ਲਿਖੋ:

"ਵਜ਼ੀਰ ਖ਼ਾਂ ਨੇ ਗੁਰੂ ਦੇ ਦੋਨੋ ਛੋਟੇ ਬੇਟੇ ਜੀਉਂਦੇ ਨੀਹਾਂ ਵਿੱਚ ਚਿਣਾ ਕੇ ਮਰਵਾ ਦਿੱਤੇ ਹਨ।"

(i) ਇਹ ਸ਼ਬਦ ਕਿਹੜੇ ਇਕਾਂਗੀ ਵਿਚੋਂ ਹਨ? 1

(ii) ਇਸ ਇਕਾਂਗੀ ਦਾ ਲੇਖਕ ਕੌਣ ਹੈ? 1

(iii) ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ? 1

ਜਾਂ

"ਅਨਪੜ੍ਹ ਅਤੇ ਗਵਾਰ ਔਰਤਾਂ ਵੀ ਆਪਣੇ ਪਤੀਆਂ ਕੋਲ ਇੱਥੇ ਆ ਜਾਂਦੀਆਂ ਨੇ, ਫੇਰ ਸ਼ਰਨਜੀਤ ਤਾਂ ਚੰਗੀ ਪੜ੍ਹੀ-ਲਿਖੀ ਕੁੜੀ ਏ "।

(iv) ਇਹ ਸ਼ਬਦ ਕਿਹੜੇ ਇਕਾਂਗੀ ਵਿਚੋਂ ਹਨ? 1

(v) ਇਸ ਇਕਾਂਗੀ ਦਾ ਲੇਖਕ ਕੌਣ ਹੈ? 1

(vi) ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ? 1

1+ 1+ 1 =3

10. ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਆਧਾਰ 'ਤੇ ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਦਾ ਪਾਤਰ -ਚਿਤਰਨ ਲਗਪਗ 150 ਸ਼ਬਦਾਂ ਵਿੱਚ ਲਿਖੋ:

(ੳ) ਬੰਤਾ (ਅ) ਤਾਰੋ (ੲ) ਫੁੰਮਣ 7

11. ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਲਗਪਗ 40 ਸ਼ਬਦਾਂ ਵਿੱਚ ਕਰੋ:

(ੳ) 'ਲੋੜ ਤੈਨੂੰ ਪਊ ਸ਼ਾਮ ਨੂੰ, ਕਿਸੇ ਵੇਲੇ ਭਾਨ ਖੁਣੋਂ ਸਵਾਰੀ ਨਹੀਂ ਮਿਲਦੀ।'

(ਅ) 'ਸਾਨੂੰ ਪਿੰਡਾਂ ਆਲਿਆਂ ਨੂੰ ਤਾਂ ਕੁੱਝ ਸਮਝਦੇ ਈ ਨਹੀਂ। ਇੱਕ ਤਾਂ ਮੁੱਛਦੇ ਐ ਸਾਡੇ ਅਰਗਿਆਂ ਨੂੰ, ਦੂਜਾ ਟਿਚਰਾਂ ਕਰਦੇ ਆ।'

1+ 2 =3

ClassResult.in

**MODEL TEST PAPER**
**CLASS-X (PB.)**
**PUNJABI**
**PAPER-B**

**ਸਮਾਂ : ਤਿੰਨ ਘੰਟੇ** **ਕੁੱਲ ਅੰਕ : 65**

1. ਵਸਤੂਨਿਸ਼ਠ ਪ੍ਰਸ਼ਨ :
(ੳ) ਪੰਜਾਬੀ ਬੋਲੀ ਦੀ ਟਕਸਾਲੀ ਬੋਲੀ ਕਿਹੜੀ ਹੈ?
(ਅ) ਪੰਜਾਬੀ ਭਾਸ਼ਾ ਦੀ ਕਿਸੇ ਇੱਕ ਉਪਬੋਲੀ ਦਾ ਨਾਂ ਲਿਖੋ।
(ੲ) ਮਾਲਵੇ ਵਿੱਚ ਕਿਹੜੀ ਉਪਬੋਲੀ ਬੋਲੀ ਜਾਂਦੀ ਹੈ?
(ਸ) ਪੁਰਾਤਨ ਵਰਨਮਾਲਾ ਦੇ ਕਿੰਨੇ ਅੱਖਰ ਹਨ?
(ਹ) 'ਦੁੱਖ' ਤੇ 'ਮਿਠਾਸ' ਕਿਸ ਕਿਸਮ ਦੇ ਨਾਂਵ ਹਨ?
(ਕ) ਧੁੰਨੀ ਤੋਂ ਕੀ ਭਾਵ ਹੈ?
(ਖ) 'ਵਾਹ ਭਈ ਵਾਹ!' ਵਾਕ ਵਿੱਚ ਕਿਸ ਪ੍ਰਕਾਰ ਦਾ ਵਿਸਮਕ ਹੈ?
(ਗ) 'ਬੱਚੇ ਖੇਡ ਰਹੇ ਸਨ।' ਇਸ ਵਾਕ ਦਾ ਕਾਲ ਕਿਹੜਾ ਹੈ?
(ਘ) ਸੰਬੰਧਕ ਸ਼ਬਦ ਆਮ ਕਰਕੇ ਨਾਂਵਾਂ ਜਾਂ ਪੜਨਾਵਾਂ ਦੇ ਪਿੱਛੋਂ ਆਉਂਦੇ ਹਨ ਜਾਂ ਅੱਗੇ?
(ਙ) 'ਸ਼ਰਮਿਲਾ' ਸ਼ਬਦ ਦਾ ਵਿਰੋਧੀ ਸ਼ਬਦ ਲਿਖੋ। 10 x 1 =10

2. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲਗ-ਪਗ 400 ਸ਼ਬਦਾਂ ਦਾ ਲੇਖ ਲਿਖੋ:
(ੳ) ਦਿਵਾਲੀ
(ਅ) ਵਿਦਿਆਰਥੀ ਅਤੇ ਅਨੁਸ਼ਾਸਨ
(ੲ) ਡਾ. ਭੀਮ ਰਾਓ ਅੰਬੇਡਕਰ
(ਸ) ਅੱਖੀਂ ਡਿੱਠਾ ਮੇਲਾ
(ਹ) ਬੇਰੁਜ਼ਗਾਰੀ ਦੀ ਸਮੱਸਿਆ। 10

3. ਤੁਸੀਂ ਦਸਵੀਂ ਦੀ ਪਰੀਖਿਆ ਪਾਸ ਕੀਤੀ ਹੈ ਅਤੇ ਅੱਗੋਂ ਕਿਸੇ ਸੰਸਥਾ ਵਿੱਚ ਦਾਖ਼ਲਾ ਲੈਣਾ ਚਾਹੁੰਦੇ ਹੋ। ਸਕੂਲ ਦੇ ਪ੍ਰਿੰਸੀਪਲ / ਮੁੱਖ ਅਧਿਆਪਕ ਜੀ ਨੂੰ ਚਰਿੱਤਰ (ਆਚਰਨ) ਸਰਟੀਫ਼ਿਕੇਟ ਲੈਣ ਲਈ ਪੱਤਰ ਲਿਖੋ।

ClassResult.in

ਜਾਂ

ਆਪਣੇ ਮਿੱਤਰ ਨੂੰ ਉੱਚ ਮੈਰਿਟ ਵਿੱਚ ਪਾਸ ਹੋਣ 'ਤੇ ਵਧਾਈ-ਪੱਤਰ ਲਿਖੋ। 2+4+1=7

4. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਲਗਪਗ ਇੱਕ–ਤਿਹਾਈ ਸ਼ਬਦਾਂ ਵਿੱਚ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਓ:

ਕਵੀ ਸ਼ਾਹ ਮੁਹੰਮਦ ਇਕ ਦੇਸ਼-ਭਗਤ ਸੀ। ਪੰਜਾਬ ਦੇ ਕਿਣਕੇ-ਕਿਣਕੇ ਨਾਲ਼ ਉਸ ਦਾ ਮੋਹ ਸੀ, ਉਹ ਪੰਜਾਬ ਜਿਹੜਾ ਹਿੰਦੂਆਂ ਤੇ ਮੁਸਲਮਾਨਾਂ ਦਾ ਸਾਂਝਾ ਪੰਜਾਬ ਸੀ। ਇਹੋ-ਜਿਹੇ ਅਜ਼ਾਦੀ ਦੇ ਆਸ਼ਕ ਦੇ ਮਨੁੱਖਤਾ ਦੇ ਪੁਜਾਰੀ ਕਵੀ ਨੇ ਜਦੋਂ ਆਪਣੀ ਮਾਤ-ਭੂਮੀ ਉੱਤੇ ਫ਼ਰੰਗੀਆਂ ਦੀ ਨਾਪਾਕ ਨਜ਼ਰ ਪੈਂਦੀ ਦੇਖੀ ਤੇ ਫਿਰ ਦੇਸ ਦੀ ਸੁਤੰਤਰਤਾ ਨੂੰ ਗੋਰਿਆਂ ਦੇ ਪੈਰਾਂ ਹੇਠ ਮਿੱਧੇ ਜਾਂਦਿਆਂ ਦੇਖਿਆ ਤਾਂ ਉਸ ਦਾ ਕੋਮਲ ਤੇ ਦੇਸ-ਭਗਤ ਹਿਰਦਾ ਕੁਰਲਾ ਉੱਠਿਆ। ਉਸ ਨੇ ਆਪਣੀ ਕਲਮ ਦਾ ਮੂੰਹ ਮੋੜਿਆ ਤੇ ਦਿਲ ਦੇ ਖ਼ੂਨ ਨਾਲ ਉਸ ਨੇ ਅੰਗਰੇਜ਼ਾਂ ਤੇ ਸਿੱਖਾਂ ਦੀ ਉਸ ਜੰਗ ਦਾ ਹਾਲ ਲਿਖਿਆ ਜਿਸ ਵਿਚ ਵੀਰ ਪੰਜਾਬੀਆਂ ਨੂੰ ਫੁੱਟ ਦਾ ਸ਼ਿਕਾਰ ਹੋ ਆਪਣੀਆਂ ਕਿਸੇ ਅੱਗੇ ਨਾ ਝੁਕਣ ਵਾਲੀਆਂ ਧੌਣਾਂ ਅੰਗਰੇਜ਼ਾਂ ਸਾਮ੍ਹਣੇ ਝੁਕਾਉਣੀਆਂ ਪਈਆਂ। ਸ਼ਾਹ ਮੁਹੰਮਦ ਆਪਣੀਆਂ ਅੱਖਾਂ ਦੇ ਨਾਲ਼ ਆਪਣੇ ਪਿਆਰੇ ਪੰਜਾਬ ਦੇ ਜਵਾਨਾਂ ਨੂੰ ਸ਼ਤਰੂ ਦੇ ਹੱਥੋਂ ਮਾਰ ਖਾਂਦਾ ਤੱਕਦਾ ਹੈ ਤਾਂ ਲਹੂ ਦੇ ਘੁੱਟ ਪੀ ਕੇ ਅੱਥਰੂਆਂ ਭਿੱਜੀ ਕਵਿਤਾ ਕਹਿ ਕੇ ਚੁੱਪ ਹੋ ਰਹਿੰਦਾ ਹੈ-ਉਹ ਕਵਿਤਾ ਜੋ ਕਦੇ ਮਰ ਨਹੀਂ ਸਕਦੀ ਜਿਸ ਵਿਚ ਪੰਜਾਬ ਦਾ ਦੁਖਦਾਈ ਇਤਿਹਾਸ ਅੰਕਿਤ ਹੈ। 5+1 =6

5. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ:

ਅੱਜ–ਕਲ੍ਹ ਦੀ ਜ਼ਿੰਦਗੀ ਇਕ ਹੁੱਲੜ ਹੈ। ਇਸ ਵਿੱਚ ਵਿਹਲ ਕਿੱਥੇ ਤੇ ਵਿਹਲੀਆਂ ਗੱਲਾਂ ਦਾ ਮੌਕਾ ਕਿੱਥੇ? ਫਿਰ ਸਾਰੇ ਸਿਆਣੇ, ਧਾਰਮਿਕ ਲਿਖਾਰੀ, ਸਮਾਜਿਕ ਆਗੂ ਇਸ ਗੱਲ ਦੇ ਵਿਰੁੱਧ ਹਨ ਕਿ ਕੋਈ ਸਮਾਂ ਗੱਪਾਂ ਵਿਚ

ਬਿਤਾਇਆ ਜਾਏ। ਕਹਿੰਦੇ ਨੇ ਜਿੱਥੇ ਅਸਾਂ ਆਪਣੇ ਹਰ ਕਰਮ ਦਾ ਜਵਾਬ ਦੇਣਾ ਹੈ, ਉੱਥੇ ਕਥਨ ਦਾ ਵੀ ਗਿਣ-ਗਿਣ ਕੇ ਲੇਖਾ ਦੇਣਾ ਪਵੇਗਾ। ਇਸ ਲਈ ਹਰ ਇੱਕ ਆਦਮੀ ਨੂੰ ਜੀਭ ਨੂੰ ਲਗਾਮ ਪਾ ਕੇ ਰੱਖਣੀ ਚਾਹੀਦੀ ਹੈ। ਸਿਰਫ਼ ਲੋੜ ਪਏ 'ਤੇ ਮੂੰਹ ਖੋਲ੍ਹਣਾ ਚਾਹੀਦਾ ਹੈ। ਜਦ ਮਤਲਬ ਦੀ ਗੱਲ ਪੂਰੀ ਹੋ ਜਾਏ ਤਾਂ ਝੱਟ ਜਿੰਦਰਾ ਲਾ ਕੇ ਚੁੱਪ ਵੱਟ ਲੈਣੀ ਚਾਹੀਦੀ ਹੈ। ਚੁੱਪ ਜਿਹੀ ਕੋਈ ਚੀਜ਼ ਨਹੀ ਹੈ। ਚੁੱਪ ਸੁਨਹਿਰੀ ਹੈ ਤੇ ਬੋਲ ਰੁਪਹਿਰੀ। ਕਈਆਂ ਨੇ ਤਾਂ ਚੁੱਪ ਦੇ ਮਜ਼ਮੂਨ ਉੱਤੇ ਕਿਤਾਬਾਂ ਲਿਖ ਮਾਰੀਆਂ ਹਨ। ਇਹ ਤਾਂ ਇਉ ਹੋਇਆ, ਜਿਵੇਂ ਕੋਈ ਆਰਾਮ ਢੂੰਡਣ ਲਈ ਸੌ ਕੋਹ ਪੈਂਡਾ ਮਾਰੇ ਜਾਂ ਵਰਤਾਂ ਦੀ ਤਿਆਰੀ ਲਈ ਰੋਟੀਆਂ ਦਾ ਕੋਠਾ ਭਰ ਲਵੇ। ਚੁੱਪ ਦੇ ਇੰਨੇ ਗੁਣ ਗਾਏ ਹਨ ਕਿ ਹੁਣ ਹਰ ਇੱਕ ਸਿਆਣੇ ਆਦਮੀ ਨੂੰ ਚੁੱਪ ਦਾ ਅਭਿਆਸ ਕਰਨਾ ਪੈਂਦਾ ਹੈ। ਹਫ਼ਤੇ ਭਰ ਦੇ ਲੈਕਚਰਾਂ ਤੇ ਇੰਟਰਵਿਊਆਂ ਮਗਰੋਂ ਮਹਾਤਮਾ ਗਾਂਧੀ ਜੀ ਨੂੰ ਪ੍ਰਾਸ਼ਚਿਤ ਵਜੋਂ ਇੱਕ ਦਿਨ ਮੌਨ ਵਰਤ ਰੱਖਣਾ ਪੈਂਦਾ ਸੀ। ਜਿੰਨਾ ਆਦਮੀ ਧਰਮਾਤਮਾ ਜਾਂ ਉੱਚੀ ਸ਼ਾਨ ਵਾਲ਼ਾ ਹੁੰਦਾ ਹੈ, ਓਨਾ ਹੀ ਚੁੱਪ ਤੇ ਖੁੱਲ੍ਹੀਆਂ ਗੱਲਾਂ ਕਰਨ ਤੋਂ ਸੰਗਣ ਵਾਲ਼ਾ ਹੁੰਦਾ ਹੈ। ਉਸ ਨੂੰ ਹਰ ਵਕਤ ਖ਼ਤਰਾ ਰਹਿੰਦਾ ਹੈ ਕਿ ਮੇਰੀ ਕਿਸੇ ਗੱਲ ਤੋਂ ਕੋਈ ਗ਼ਲਤ ਫ਼ਾਇਦਾ ਨਾ ਉਠਾ ਲਵੇ।

ਪ੍ਰਸ਼ਨ :

ੳ) ਅੱਜ ਦੇ ਸਮੇਂ ਵਿਹਲੀਆਂ ਗੱਲਾਂ ਦਾ ਸਮਾਂ ਕਿਉਂ ਨਹੀਂ?

ਅ) 'ਚੁੱਪ ਸੁਨਹਿਰੀ ਤੇ ਬੋਲ ਰੁਪਹਿਰੀ' ਕਿਵੇਂ ਹੈ?

ੲ) ਵੱਡੇ ਆਦਮੀ ਚੁੱਪ ਕਿਉਂ ਹੁੰਦੇ ਹਨ?

ਸ) ਮੋਟੇ ਸ਼ਬਦਾਂ ਦੇ ਅਰਥ ਲਿਖੋ। 1+1+1+1 = 4

6. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਪੰਜ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪਸ਼ਟ ਹੋ ਜਾਣ:
ਉੱਨੀ ਇੱਕੀ ਦਾ ਫਰਕ ਹੋਣਾ, ਅੱਖਾਂ ਫੇਰ ਲੈਣਾ, ਆਵਾ ਊਤ ਜਾਣਾ, ਈਦ ਦਾ ਚੰਦ ਹੋਣਾ, ਸੱਜੀ ਬਾਂਹ ਹੋਣਾ, ਹੱਥ ਤੰਗ ਹੋਣਾ, ਕੱਖ ਨਾ ਰਹਿਣਾ, ਕੰਡੇ ਬੀਜਣੇ, ਵਾਸਤੇ ਪਾਉਣਾ, ਪਾਣੀ ਵਾਰ ਕੇ ਪੀਣਾ। 2x5=10

7. ਵਿਸਰਾਮ-ਚਿੰਨ੍ਹ ਲਾ ਕੇ ਦੁਬਾਰਾ ਲਿਖੋ :
ਬਹੁਤ ਅੱਛੇ ਬੇਟਾ ਸਾਰਾ ਸਕੂਲ ਸ਼ੀਸ਼ੇ ਵਾਂਗ ਲਿਸ਼ਕਾ ਦਿਓ 2

8. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ :

ੳ) ਵਿਆਕਰਨ ਦਾ ਕੀ ਮੰਤਵ ਹੈ?

ਅ) ਸਾਡੇ ਸੰਵਿਧਾਨ ਵਿੱਚ ਪ੍ਰਵਾਨਿਤ ਕੋਈ ਦੋ ਭਾਸ਼ਾਵਾਂ ਦੇ ਨਾਮ ਲਿਖੋ।

ੲ) ਧੁਨੀ ਕਿਸ ਨੂੰ ਆਖਦੇ ਹਨ? 1+1+1 = 3

ClassResult.in

9. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

ੳ) 'ੳ ਤੋਂ ੜ' ਤੱਕ ਗੁਰਮੁਖੀ ਲਿਪੀ ਦੇ ਕਿੰਨੇ ਅੱਖ਼ਰ ਹਨ?

ਅ) ਲਿਪੀ ਕਿਸ ਨੂੰ ਆਖਦੇ ਹਨ? 2

10. ੳ) ਪੜਨਾਂਵ ਜਾਂ ਯੋਜਕ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਲਿਖੋ।

ਅ) ਵਿਸ਼ੇਸ਼ਣ ਦੀਆਂ ਕੋਈ ਦੋ ਕਿਸਮਾਂ ਉਦਾਹਰਨਾਂ ਸਹਿਤ ਲਿਖੋ। 2+2=4

11. ਹੇਠ ਲਿਖੇ ਵਾਕ ਨੂੰ ਵਚਨ ਤੇ ਲਿੰਗ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ:
ਪਤਲੇ ਸਰੀਰ ਵਾਲ਼ਾ ਆਦਮੀ ਲੰਮੇਰੀ ਉਮਰ ਭੋਗਦਾ ਹੈ। 2

12. ਹੇਠ ਲਿਖੇ ਵਾਕ ਨੂੰ ਭੂਤ-ਕਾਲ ਅਤੇ ਵਰਤਮਾਨ-ਕਾਲ ਵਿੱਚ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ :
ਪ੍ਰਿੰਸੀਪਲ ਸਾਹਿਬ ਭਾਸ਼ਣ ਦੇ ਰਹੇ ਹੋਣਗੇ। 2

13. ੳ) 'ਸੰਗ' ਸ਼ਬਦ ਦੇ ਦੋ ਵੱਖ-ਵੱਖ ਅਰਥ ਦਰਸਾਉਂਦੇ ਵਾਕ ਬਣਾਓ।

ਅ) 'ਇਸਤਰੀ' ਸ਼ਬਦ ਦੇ ਦੋ ਸਮਾਨਾਰਥਕ ਸ਼ਬਦ ਲਿਖੋ।

ੲ) ਬਹੁਤੇ ਸ਼ਬਦਾਂ ਲਈ ਇੱਕ ਢੁਕਵਾਂ ਸ਼ਬਦ ਲਿਖੋ:
ਕਿਸੇ ਉੱਚੇ ਆਦਰਸ਼ ਲਈ ਆਪਣੀ ਜਾਨ ਦੀ ਕੁਰਬਾਨੀ ਦੇਣ ਵਾਲ਼ਾ। 1+1+1=3